BAO | Bereavement Authority of Ontario



# ਖਪਤਕਾਰ ਜਾਣਕਾਰੀ ਗਾਈਡ –ਸਮੀਖਿਆ

## ਹਾਨੀ ਅਤੇ ਸੋਗ ਮਨਾਉਣ ਦੇ ਸਮਿਆਂ ਵਾਸਤੇ ਜਾਣਕਾਰੀ

ਇਹ ਸਾਡੀ ਜਨਤਕ ਵੈੱਬਸਾਈਟ ‘ਤੇ ਉਪਲਬਧ ਸਾਡੀ ਮੁਫ਼ਤ 24- ਪੰਨਿਆਂ ਦੀ BAO ਖਪਤਕਾਰ ਜਾਣਕਾਰੀ ਗਾਈਡ ਦੀ ਸੰਖੇਪ ਜਾਣਕਾਰੀ ਹੈ। ਇਹ ਗਾਈਡ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਅੰਤਿਮ-ਸੰਸਕਾਰ, ਦਫ਼ਨਾਉਣ, ਦਾਹ-ਸੰਸਕਾਰ ਅਤੇ ਵਿਕਲਪਕ ਨਿਸ਼ਕਾਸ਼ਨ ਸੇਵਾਵਾਂ ਲਈ ਤੁਹਾਡੇ ਵਿਕਲਪਾਂ ਅਤੇ ਅਧਿਕਾਰਾਂ ਬਾਰੇ ਸੂਚਿਤ ਚੋਣਾਂ ਕਰਨ ਵਿੱਚ ਮਦਦ ਕਰਦੀ ਹੈ। ਪੂਰੀ ਗਾਈਡ ਪ੍ਰਿੰਟ ਰੂਪ ਵਿੱਚ ਵੀ ਮੁਫ਼ਤ ਉਪਲਬਧ ਹੈ, ਜੇਕਰ ਤੁਸੀਂ ਇਸਨੂੰ ਇਸ ਵੰਨਗੀ ਵਿੱਚ ਤਰਜੀਹ ਦਿੰਦੇ ਹੋ।

**ਸੰਪੂਰਨ ਗਾਈਡ www.TheBAO.ca ’ਤੇ ਅਤੇ ਵਿਸ਼ੇਸ਼ ਤੌਰ ’ਤੇ https://thebao.ca/for-consumers/consumer-information-guide/ ਉਪਲਬਧ ਹੈ।**

**ਕੀ ਤੁਸੀਂ ਪ੍ਰਿੰਟ ਕੀਤੀ ਕਾਪੀ ਨੂੰ ਪਸੰਦ ਕਰਦੇ ਹੋ? CIG@TheBAO.ca ’ਤੇ ਸਾਨੂੰ ਆਪਣਾ ਪੋਸਟਲ ਐਡਰੈੱਸ ਈਮੇਲ ਕਰੋ।**

**ਤੁਸੀਂ ਇਸ QR ਕੋਡ ਨੂੰ ਵੀ ਸਕੈਨ ਕਰ ਸਕਦੇ ਹੋ।**

# ਅਸੀਂ ਕੌਣ ਹਾਂ?

## ਅਸੀਂ ਸਾਰੇ ਖਪਤਕਾਰ ਸੁਰੱਖਿਆ ਨਾਲ ਸੰਬੰਧ ਰੱਖਦੇ ਹਾਂ

ਬੇਰੀਵਮੈਂਟ ਅਥਾਰਟੀ ਆਫ ਓਨਟੈਰੀਓ (BAO) ਇੱਕ ਸਰਕਾਰੀ ਡੈਲੀਗੇਟਿਡ ਅਥਾਰਟੀ ਅਤੇ ਗੈਰ-ਮੁਨਾਫਾ ਕਾਰਪੋਰੇਸ਼ਨ ਹੈ ਜੋ “ਮਿਨਿਸਟਰੀ ਆਫ ਪਬਲਿਕ ਐਂਡ ਬਿਜ਼ਨਸ ਸਰਵਿਸ ਡਿਲੀਵਰੀ ਐਂਡ ਪ੍ਰੋਕਿਊਰਮੈਂਟ” ਦੀ ਤਰਫੋਂ ਅੰਤਿਮ-ਸੰਸਕਾਰ, ਦਫ਼ਨਾਉਣ ਅਤੇ ਦਾਹ-ਸੰਸਕਾਰ ਸੇਵਾਵਾਂ ਐਕਟ, 2002 (FBCSA) ਦੀਆਂ ਵਿਵਸਥਾਵਾਂ ਦਾ ਪ੍ਰਬੰਧਨ ਕਰਦੀ ਹੈ। ਜਨਤਕ ਹਿੱਤਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ, BAO ਹੇਠ ਲਿਖਿਆਂ ਨੂੰ ਨਿਯੰਤ੍ਰਿਤ ਕਰਦੀ ਹੈ, ਕਾਨੂੰਨ ਦੀ ਪਾਲਣਾ ਨੂੰ ਯਕੀਨੀ ਬਣਾਉਂਦੀ ਹੈ, ਲਾਇਸੰਸਸ਼ੁਦਾ ਲੋਕਾਂ ਨੂੰ ਸਰੋਤ ਅਤੇ ਸੇਵਾਵਾਂ ਪ੍ਰਦਾਨ ਕਰਦੀ ਹੈ:

- ਅੰਤਮ ਸੰਸਕਾਰ ਸਥਾਪਨਾ ਦੇ ਸੰਚਾਲਕ, ਨਿਰਦੇਸ਼ਕ ਅਤੇ ਪ੍ਰੀ-ਪਲਾਨਰ;
- ਕਬਰਸਤਾਨ, ਸ਼ਮਸ਼ਾਨਘਾਟ ਅਤੇ ਵਿਕਲਪਕ ਨਿਸ਼ਕਾਸ਼ਨ ਦੇ ਸੰਚਾਲਕ;
- ਟ੍ਰਾਂਸਫਰ ਸੇਵਾ ਆਪਰੇਟਰ; ਅਤੇ
- ਓਨਟੈਰੀਓ ਵਿੱਚ ਬੇਰੀਵਮੈਂਟ ਸੈਕਟਰ ਦੇ ਵਿਕਰੀ ਪ੍ਰਤੀਨਿਧੀ।

BAO ਨੂੰ ਪੂਰੀ ਤਰ੍ਹਾਂ ਲਾਈਸੈਂਸੀ ਫੀਸਾਂ (ਟੈਕਸ ਡਾਲਰਾਂ ਤੋਂ ਨਹੀਂ) ਦੁਆਰਾ ਫੰਡ ਸਹਾਇਤਾ ਦਿੱਤੀ ਜਾਂਦੀ ਹੈ।

# ਇਸ ਗਾਈਡ ਦੇ ਅੰਦਰ

## ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲੇਗੀ:

- ਮੌਤ ਦੇ ਬਾਅਦ ਦੇਖਰੇਖ ਦੇ ਫੈਸਲੇ ਲੈਣ ਦਾ ਕਾਨੂੰਨੀ ਅਧਿਕਾਰ
- ਕਿਸੇ ਮ੍ਰਿਤਕ ਦੇਹ ਦੀ ਆਵਾਜਾਈ
- ਲੋੜੀਂਦੀਆਂ ਘੱਟੋ-ਘੱਟ ਸੇਵਾਵਾਂ
- ਅੰਤਿਮ-ਸੰਸਕਾਰ ਅਤੇ ਯਾਦਗਾਰ ਸੇਵਾ ਦੇ ਵਿਕਲਪ
- ਦਫ਼ਨਾਉਣਾ
- ਦਾਹ-ਸੰਸਕਾਰ
- ਅਲਕਾਲੀਨ ਹਾਈਡ੍ਰੋਲਿਸਿਸ
- ਮਨੁੱਖੀ ਅਸਥੀਆਂ ਜਲ-ਪ੍ਰਵਾਹ ਕਰਨਾ
- “ਦਫਨ ਦੇ ਅਧਿਕਾਰ’ ਅਤੇ ਹੋਰ ਬਹੁਤ ਸਾਰੀਆਂ ਸ਼ਰਤਾਂ
- ਮੌਤ ਦੇ ਬਾਅਦ ਦੇਖਰੇਖ ਸੇਵਾ ਦੇ ਇਕਰਾਰਨਾਮੇ
- ਮੌਤ ਦੇ ਬਾਅਦ ਦੇਖਰੇਖ ਸੇਵਾਵਾਂ ਵਾਸਤੇ ਪੂਰਵ-ਇੰਤਜ਼ਾਮ ਕਰਨਾ ਜਾਂ ਪੂਰਵ-ਭੁਗਤਾਨ ਕਰਨਾ
- ਤੁਹਾਡੇ ਪੂਰਵ-ਭੁਗਤਾਨ ਕੀਤੇ ਪੈਸੇ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ
- ਕੋਈ ਸ਼ਿਕਾਇਤ ਕਿਵੇਂ ਕਰਨੀ ਹੈ
- ਅਤੇ ਹੋਰ ਵੀ ਬਹੁਤ ਕੁਝ

ਸੰਪੂਰਨ ਖਪਤਕਾਰ ਜਾਣਕਾਰੀ ਗਾਈਡ ਦੇ ਪੰਨਾ ਚਾਰ ਉੱਤੇ, “ਇਸ ਗਾਈਡ ਦੇ ਅੰਦਰ” ਦੇਖੋ।

# ਸਾਡੀ ਮੁਫਤ ਗਾਈਡ ਵਿੱਚ ਜਾਣਕਾਰੀ ਦੀਆਂ ਉਦਾਹਰਨਾਂ

## ਕਾਨੂੰਨੀ ਅਥਾਰਟੀ

**ਫੈਸਲੇ ਲੈਣ ਦਾ ਕਾਨੂੰਨੀ ਅਧਿਕਾਰ ਕਿਸ ਕੋਲ ਹੈ?** ਆਮ ਤੌਰ ’ਤੇ, ਅਸਟੇਟ ਟਰੱਸਟੀ ਦੇ ਤੌਰ ‘ਤੇ ਨਿਯੁਕਤ ਵਿਅਕਤੀ(ਵਿਅਕਤੀਆਂ) ਕੋਲ ਅਜਿਹੇ ਫੈਸਲੇ ਲੈਣ ਦਾ ਕਾਨੂੰਨੀ ਅਧਿਕਾਰ ਹੁੰਦਾ ਹੈ। ਇੱਥੇ ਉਹਨਾਂ ਲੋਕਾਂ ਦੀ ਇੱਕ ਅੰਸ਼ਕ ਸੂਚੀ ਹੈ ਜੋ ਕਾਨੂੰਨੀ ਪ੍ਰਤੀਨਿਧੀ ਵਜੋਂ ਕੰਮ ਕਰ ਸਕਦੇ ਹਨ: ਅਸਟੇਟ ਟਰੱਸਟੀ, ਜਿਸਨੂੰ ਐਗਜ਼ੀਕਿਊਟਰ ਜਾਂ ਐਗਜ਼ੀਕਿਊਟਰਿਕਸ ਵੀ ਕਿਹਾ ਜਾਂਦਾ ਹੈ, ਜਿਸਦਾ ਨਾਮ ਵਸੀਅਤ ਵਿੱਚ ਲਿਖਿਆ ਗਿਆ ਹੈ (ਜਾਂ ਅਦਾਲਤ ਦੁਆਰਾ ਨਿਯੁਕਤ ਇੱਕ ਪ੍ਰਸ਼ਾਸਕ); ਜੀਵਨ ਸਾਥੀ; ਅਤੇ, 18 ਜਾਂ ਇਸ ਤੋਂ ਵੱਡੀ ਉਮਰ ਦੇ ਬਾਲਗ ਬੱਚੇ।

## ਤੁਹਾਡੇ ਵਿਕਲਪ

**ਅੰਤਿਮ-ਸੰਸਕਾਰ ਜਾਂ ਯਾਦਗਾਰ ਸੇਵਾ ਦੇ ਕੁਝ ਵਿਕਲਪ ਕਿਹੜੇ ਹਨ?** ਕਿਸੇ ਦੇ ਜੀਵਨ ਦਾ ਜਸ਼ਨ ਪਿੱਛੇ ਬਚ ਗਏ ਪਰਿਵਾਰ ਅਤੇ ਦੋਸਤਾਂ ਨੂੰ ਕਿਸੇ ਅਜ਼ੀਜ਼ ਦੀ ਮੌਤ ਦਾ ਸੋਗ ਮਨਾਉਣ ਵਿੱਚ ਮਦਦ ਕਰਦਾ ਹੈ। ਤੁਸੀਂ ਇੱਕ ਅੰਤਿਮ-ਸੰਸਕਾਰ, ਯਾਦਗਾਰੀ ਜਾਂ ਕਬਰ ਕੋਲ ਸੇਵਾ ਦੀ ਚੋਣ ਕਰ ਸਕਦੇ ਹੋ। ਸੇਵਾ ਸੱਦੇ ਦੁਆਰਾ ਨਿੱਜੀ ਜਾਂ ਜਨਤਕ ਹੋ ਸਕਦੀ ਹੈ। ਹੋਰ ਵਿਕਲਪ ਹਨ ਜਨਤਕ ਜਾਂ ਨਿੱਜੀ ਮੁਲਾਕਾਤਾਂ/ਦਰਸ਼ਨ, ਅੰਤਿਮ-ਸੰਸਕਾਰ ਯਾਤਰਾ, ਘਰੇਲੂ ਅੰਤਿਮ-ਸੰਸਕਾਰ ਅਤੇ/ਜਾਂ ਘਰੇਲੂ ਚੌਕਸੀ, ਜਾਂ ਕੋਈ ਹੋਰ ਸਤਿਕਾਰਯੋਗ ਸਮਾਜਕ, ਪਰੰਪਰਾਗਤ, ਜਾਂ ਸੱਭਿਆਚਾਰਕ ਰੀਤੀ ਰਿਵਾਜ।

**ਮੇਰੇ ਸਰੀਰ ਦੇ ਅੰਤਿਮ ਨਿਪਟਾਰੇ ਵਿੱਚ ਮੇਰੇ ਕੋਲ ਕਿਹੜੇ ਵਿਕਲਪ ਹਨ?** ਤੁਹਾਡੇ ਵਿਕਲਪ ਹਨ ਦਫ਼ਨਾਉਣਾ, ਦਾਹ-ਸੰਸਕਾਰ, ਅਤੇ ਅਲਕਾਲੀਨ ਹਾਈਡ੍ਰੋਲਿਸਿਸ (ਇੱਕ ਰਸਾਇਣਕ ਪ੍ਰਕਿਰਿਆ ਜੋ ਸਰੀਰ ਨੂੰ ਤਰਲ ਅਤੇ ਹੱਡੀਆਂ ਵਿੱਚ ਬਦਲ ਦਿੰਦੀ ਹੈ।) ਅੰਤਿਮ ਸੰਸਕਾਰ ਸੇਵਾਵਾਂ, ਜਿਸ ਵਿੱਚ ਟ੍ਰਾਂਸਪੋਰਟ, ਮੌਤ ਦੀ ਰਜਿਸਟ੍ਰੇਸ਼ਨ ਸਮੇਤ ਦਸਤਾਵੇਜ਼, ਅਤੇ ਸਰੀਰ ਦੀ ਦੇਖਭਾਲ ਸ਼ਾਮਲ ਹਨ। ਸੇਵਾਵਾਂ (ਆਰਟੈਰੀਅਲ ਇਮਬਾਮਿੰਗ ਨੂੰ ਛੱਡਕੇ) ਬਿਨਾਂ ਕਿਸੇ ਖਰਚੇ ਜਾਂ ਮੁਆਵਜ਼ੇ ਦੇ ਪਰਿਵਾਰ ਅਤੇ ਦੋਸਤਾਂ ਵੱਲੋਂ ਵੀ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

## ਕੀਮਤ ਦੇਖਣਾ ਤੁਹਾਡਾ ਹੱਕ ਹੈ!

**ਇਕਰਾਰਨਾਮੇ ‘ਤੇ ਹਸਤਾਖਰ ਕਰਨ ਤੋਂ ਪਹਿਲਾਂ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?** ਯਕੀਨੀ ਬਣਾਓ ਕਿ ਤੁਸੀਂ ਕਿਸੇ ਲਾਇਸੰਸਸ਼ੁਦਾ ਕਾਰੋਬਾਰ ਜਾਂ ਵਿਅਕਤੀ ਨਾਲ ਵਿਹਾਰ ਕਰ ਰਹੇ ਹੋ। ਤੁਸੀਂ ਸਾਡੀ ਵੈੱਬਸਾਈਟ ‘ਤੇ ਪਾਏ ਜਾਂਦੇ ਸਾਡੇ ਪਬਲਿਕ ਰਜਿਸਟਰ ਦੀ ਖੋਜ ਕਰ ਸਕਦੇ ਹੋ। ਯਕੀਨੀ ਬਣਾਓ ਕਿ ਸੇਵਾ ਪ੍ਰਦਾਨਕ ਨੇ ਇਕਰਾਰਨਾਮੇ ’ਤੇ ਦਸਤਖਤ ਕਰਨ ਤੋਂ ਪਹਿਲਾਂ ਤੁਹਾਨੂੰ ਇਸਦੀ ਕੀਮਤ ਸੂਚੀ ਅਤੇ ਕਬਰਸਤਾਨ ਜਾਂ ਸ਼ਮਸ਼ਾਨਘਾਟ ਦੇ ਉਪ-ਨਿਯਮਾਂ ਦੀ ਇੱਕ ਕਾਪੀ ਦਿੱਤੀ ਹੈ, ਜਿਵੇਂ ਕਿ ਕਾਨੂੰਨ ਦੁਆਰਾ ਲੋੜੀਂਦਾ ਹੈ। ਸੇਵਾ ਪ੍ਰਦਾਨਕ ਨੂੰ BAO ਖਪਤਕਾਰ ਜਾਣਕਾਰੀ ਗਾਈਡ ਦੀ ਇੱਕ ਕਾਪੀ ਦੇ ਨਾਲ ਆਪਣੀ ਜਨਤਕ ਵੈੱਬਸਾਈਟ ’ਤੇ ਇਸਦੀ ਕੀਮਤ ਸੂਚੀ ਪੋਸਟ ਕਰਨ ਦੀ ਵੀ ਲੋੜ ਹੁੰਦੀ ਹੈ। ਵਿੱਤੀ ਸਹਾਇਤਾ ਦੀ ਮੰਗ ਕਰਨ ਵਾਲੇ ਲੋਕਾਂ ਨੂੰ ਇਕਰਾਰਨਾਮੇ ’ਤੇ ਦਸਤਖਤ ਨਹੀਂ ਕਰਨੇ ਚਾਹੀਦੇ ਕਿਉਂਕਿ ਇਹ ਉਹਨਾਂ ਨੂੰ ਸਹਾਇਤਾ ਲਈ ਅਯੋਗ ਬਣਾ ਸਕਦਾ ਹੈ ਅਤੇ ਇਕਰਾਰਨਾਮੇ ਲਈ ਭੁਗਤਾਨ ਕਰਨ ਵਾਸਤੇ ਜ਼ਿੰਮੇਵਾਰ ਬਣਾ ਸਕਦਾ ਹੈ।

ਕਿਸੇ ਅੰਤਿਮ-ਸੰਸਕਾਰ ਨਿਰਦੇਸ਼ਕ (funeral director) ਜਾਂ ਪ੍ਰੀ-ਪਲਾਨਰ ਨੂੰ ਸਾਰੇ ਭੁਗਤਾਨ ਵਿਕਲਪਾਂ, ਰੱਦ ਕਰਨ ਦੇ ਅਧਿਕਾਰਾਂ ਅਤੇ ਭੁਗਤਾਨ-ਵਾਪਸੀ ਸੰਬੰਧੀ ਹੱਕਦਾਰੀਆਂ ਦੀ ਵਿਆਖਿਆ ਲਾਜ਼ਮੀ ਕਰਨੀ ਚਾਹੀਦੀ ਹੈ।

## ਹੋਰ ਜਾਣੋ

**ਸਮਾਜਕ ਸਹਾਇਤਾ**

ਜੇ ਤੁਹਾਡੇ ਕੋਲ ਅੰਤਿਮ-ਸੰਸਕਾਰ, ਟ੍ਰਾਂਸਫਰ ਸਰਵਿਸ, ਦਫ਼ਨਾਉਣ, ਅਲਕਾਲੀਨ ਹਾਈਡ੍ਰੋਲਿਸਿਸ ਜਾਂ ਦਾਹ-ਸੰਸਕਾਰ ਲਈ ਭੁਗਤਾਨ ਕਰਨ ਵਾਸਤੇ ਲੋੜੀਂਦੇ ਪੈਸੇ ਨਹੀਂ ਹਨ ਤਾਂ ਤੁਸੀਂ ਸਹਾਇਤਾ ਲਈ ਰੀਜ਼ੀਨਲ ਓਨਟੈਰੀਓ ਵਰਕਸ ਦੇ ਦਫਤਰ ਨੂੰ ਅਰਜ਼ੀ ਦੇ ਸਕਦੇ ਹੋ। ਹੋਰ ਜਾਣਕਾਰੀ ਏਥੇ ਹਾਸਲ ਕਰੋ।

**BAO ਦੀ ਮੁਫ਼ਤ ਖਪਤਕਾਰ ਜਾਣੱਕਾਰੀ ਗਾਈਡ ਤੋਂ ਹੋਰ ਜਾਣਕਾਰੀ ਲਓ:**

**ਸੰਪੂਰਨ ਗਾਈਡ www.TheBAO.ca ’ਤੇ ਅਤੇ ਵਿਸ਼ੇਸ਼ ਤੌਰ ’ਤੇ https://thebao.ca/for-consumers/consumer-information-guide/ ਉਪਲਬਧ ਹੈ।**

**ਕੀ ਤੁਸੀਂ ਪ੍ਰਿੰਟ ਕੀਤੀ ਕਾਪੀ ਨੂੰ ਪਸੰਦ ਕਰਦੇ ਹੋ? CIG@TheBAO.ca ’ਤੇ ਸਾਨੂੰ ਆਪਣਾ ਪੋਸਟਲ ਐਡਰੈੱਸ ਈਮੇਲ ਕਰੋ।**




BAO Bereavement Authority of Ontario

100 Sheppard Avenue East, Suite 505, North York, ON M2N 6N5
647-483-2645 • info@thebao.ca • www.thebao.ca